VOLUME I ISSUE 9
SEPTEMBER 2017

# GKU TIMES

## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਨੇ ਅਧਿਆਪਕ ਦਿਵਸ ਮਨਾਇਆ।



ਸਤੰਬਰ 5: ਕੁੱਲ ਹਿੰਦ ਦੀ ਤਰ੍ਹਾਂ ਗੁਰੂ ਕਾਸ਼ੀ ਯੂਨੀਵਰਸਿਟੀ, ਦੇ ਵੱਖ-ਵੱਖ ਕਾਲਜਾਂ ਨੇ ਅਧਿਆਪਕ ਦਿਵਸ ਮਨਾਇਆ। ਇਸੇ ਅਧੀਨ ਫੈਸ਼ਨ ਐਂਡ ਟਕਨਾਲੋਜੀ ਕਾਲਜ ਦੇ ਵਿਦਿਆਰਥੀਆਂ ਨੇ ਅਖਬਾਰ ਅਤੇ ਹੋਰ ਵਿਅਰਥ ਪਦਾਰਥਾਂ ਤੋਂ ਸੁੰਦਰ ਤੋਹਫੇ ਬਣਾ ਕੇ ਯੂਨੀਵਰਸਿਟੀ ਦੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ।

ਓਧਰ ਯੂਨੀਵਰਸਿਟੀ ਦੇ ਕਾਲਜ ਆਫ਼ ਬੇਸਿਕ ਸਾਇੰਸਜ਼ ਦੇ ਰਾਜਨੀਤੀ ਸਾਸਤਰ ਵਿਭਾਗ ਵੱਲੋਂ ਅਧਿਆਪਕ ਦਿਵਸ ਤੇ ਇੱਕ ਸੈਮੀਨਾਰ ਕਰਵਾਇਆ ਗਿਆ।ਵਿਭਾਗ ਦੇ ਮੁੱਖੀ ਡਾ. ਰਜਨੀ ਨਾਗਪਾਲ ਨੇ ਮਹਿਮਾਨਾ ਦਾ ਸੁਆਗਤ ਕਰਦਿਆਂ ਹੋਇਆ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ। ਇਸ ਸੈਮੀਨਾਰ ਵਿੱਚ ਵਿਦਿਆਰਥੀਆਂ ਦੁਆਰਾ ਡਾ. ਐਸ. ਰਾਧਾਕ੍ਰਿਸ਼ਨਨ ਦੀ ਸੋਚ, ਸ਼ਖਸੀਅਤ, ਵਿਚਾਰਧਾਰਾ ਤੇ ਵਿਦਿਆ ਦੇ ਖੇਤਰ ਵਿੱਚ ਉਹਨ੍ਹਾਂ ਦੇ ਯੋਗਦਾਨ ਬਾਰੇ ਪੇਪਰ ਪੜ੍ਹੇ ਅਤੇ ਅਨੁਭਵ ਸਾਂਝੇ ਕੀਤੇ। ਇਸ ਮੋਕੇ ਇਤਿਹਾਸ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕਾਂ ਨੇ ਕੇਕ ਕੱਟ ਕੇ ਇਸ ਦਿਨ ਦੇ ਜਸ਼ਨ ਕੀਤੇ ਅਤੇ ਸੰਗੀਤ ਵਿਭਾਗ ਨੇ ਅਧਿਆਪਕਾਂ ਨੂੰ ਤੋਹਫੇ ਦੇ ਕੇ ਇਸ ਮੋਕੇ ਡਾ. ਰਜ਼ਨੀ ਨਾਗਪਾਲ, ਡਾ. ਸੁਖਜੀਤ ਕੌਰ ਭੁੱਲਰ, ਡਾ. ਦਲਜੀਤ ਕੌਰ, ਪ੍ਰੋ. ਗੁਰਜੀਤ ਸਿੰਘ ਪ੍ਰੋ. ਰਾਜਵੀਰ ਕੌਰ, ਅਮਨਦੀਪ ਸ਼ਰਮਾ, ਰਮਨਦੀਪ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਹਰਪਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਗਗਨਦੀਪ ਸਿੰਘ ਮੌਜੂਦ ਸਨ।

ਕਾਲਜ ਦੇ ਡੀਨ ਡਾ. ਲਾਭ ਸਿੰਘ ਖੀਵਾ ਨੇ ਕੇਕ ਕਟਦਿਆਂ ਪ੍ਰਾਚੀਨ ਤੋ ਆਧੁਨਿਕ ਸਮੇਂ ਵਿੱਚ ਅਧਿਆਪਕ ਦੇ ਰੋਲ ਬਾਰੇ ਚਾਨਣਾ ਪਾਇਆ।ਉਨ੍ਹਾਂ ਅਧਿਆਪਨ ਕਿੱਤੇ ਨੂੰ ਪੱਵਿਤਰ, ਪਾਵਨ ਤੇ ਨਿਸ਼ਕਾਮ ਸੇਵਾ ਕਿਹਾ। ਉਪ ਕੁਲਪੁਲਤੀ ਕਰਨਲ ਡਾ. ਭੁਪਿੰਦਰ ਸਿੰਘ ਧਾਲੀਵਾਲ ਨੇ ਅਧਿਆਪਕ ਦਿਵਸ ਦੇ ਮੋਕੇ ਸਾਰੇ ਫੈਕਲਟੀ ਮੈਬਰਾਨ ਨੂੰ ਵਧਾਈ ਦਿੱਤੀ ਅਤੇ ਡਾ. ਐਸ ਰਾਧਾਕ੍ਰਿਸ਼ਨ ਦੀ ਵਿਚਾਰਧਾਰਾ ਤੇ ਚੱਲਣ ਲਈ ਪ੍ਰੋਤਸਾਹਤ ਕੀਤਾ।

## ਗੁਰੂ ਕਾਸ਼ੀ ਯੂਨੀਵਰਸਿਟੀ ਨੇ ਆਈ-ਸੈਕ ਨਾਲ ਕੀਤਾ ਅਹਿਦਨਾਮਾ



ਸਤੰਬਰ 8: ਬੀਤੇ ਦਿਨੀਂ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਨੇ ਸਟੂਡੈਂਟ ਆਰਗੇਨਾਈਜੇਸ਼ਨ ਆਈ-ਸੈਕ ਨਾਲ ਅਹਿਦਨਾਮੇ ਤੇ ਹਸਤਾਖਸ਼ਰ ਕੀਤੇ।ਜ਼ਿਕਰ-ਏ-ਖਾਸ ਹੈ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਪੰਜਾਬ ਭਰ ਵਿਚੋਂ ਅਹਿਦਨਾਮਾ ਲਿਖਣ ਵਾਲੀਆਂ ਪਹਿਲੀ ਸੰਸਥਾ ਵਿਚੋਂ ਹੈ।ਉਪਰੋਕਤ ਸੰਸਥਾ ਸੰਸਾਰ ਭਰ ਦੇ 128 ਦੇਸ਼ਾਂ ਵਿਚ ਕਾਰਜਸ਼ੀਲ ਹੈ। ਇਹ ਅਦਾਰਾ ਵਿਦਿਆਰਥੀਆਂ ਨੂੰ ਲੋੜ ਅਤੇ ਅਕਾਦਮਿਕ (ਵਿਸ਼ਿਆਂ) ਮੁਤਾਬਕ ਵਿਦੇਸ਼ਾਂ ਵਿਚ ਟਰੇਨਿੰਗ ਲਈ ਭੇਜਦਾ ਹੈ।

ਆਈ-ਸੈਕ ਦੇ ਮੀਤ ਪ੍ਰਧਾਨ ਸ਼੍ਰੀ ਤੇਜਸ ਅਤੇ ਡਾਇਰੈਕਟਰ ਪਸਾਰ. ਮਾਨਿਕ ਕਾਮਰਾ ਨੇ ਆਪਣੀ ਪੂਰੀ ਟੀਮ ਸਮੇਤ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਸ਼ਿਰਕਤ ਕੀਤੀ ਅਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਯੂਨੀਵਰਸਿਟੀ ਸਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ਅਤੇ ਨਾਲ ਹੀ ਉਹਨਾਂ ਦੱਸਿਆ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਚੱਲ ਰਹੇ ਤਕਨੀਕੀ ਅਤੇ ਗੈਰ ਤਕਨੀਕੀ ਕੋਰਸਾਂ ਵਾਲੇ ਵਿਦਿਆਰਥੀ ਅੰਦਾਜਨ ਸਾਰੇ ਦੇਸ਼ਾਂ ਲਈ ਜਾ ਸਕਦੇ ਹਨ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪਰੋ ਵਾਈਸ ਚਾਂਸਲਰ ਡਾ. ਜਗਪਾਲ ਸਿੰਘ ਅਤੇ ਰਜਿਸਟਰਾਰ ਡਾ. ਜਗਤਾਰ ਸਿੰਘ ਧੀਮਾਨ ਨੇ ਲੋੜੀਂਦੀ ਜਾਣਕਾਰੀ ਆਈ-ਸੈਕ ਦੇ ਨੁੰਮਾਇਦਿਆਂ ਨਾਲ ਸਾਂਝੀ ਕਰਨ ਉਪਰੰਤ ਅਹਿਦਨਾਮੇ ਤੇ ਦਸਤਖਤ ਕੀਤੇ।ਸ਼੍ਰੀ ਤੇਜਸ ਅਤੇ ਮਾਨਿਕ ਕਾਮਰਾ ਵਿਦਿਆਰਥੀਆਂ ਦੇ ਰੂਬਰੂ ਵੀ ਹੋਏ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਉਪਕੁਲਪਤੀ ਕਰਨਲ ਡਾ. ਭੁਪਿੰਦਰ ਸਿੰਘ ਧਾਲੀਵਾਲ ਨੇ ਆਈ-ਸੈਕ ਦਾ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਪਹੁੰਚ ਤੇ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਟਰੇਨਿੰਗ ਮਹੁੱਈਆ ਕਰਵਾਉਣ ਦੇ ਉੱਦਮ ਦੀ ਸ਼ਲਾਘਾ ਕੀਤੀ।

ਚੇਅਰਮੈਨ ਸ੍ਰ. ਗੁਰਲਾਭ ਸਿੰਘ ਸਿੱਧੂ ਨੇ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ ਅਹਿਦਨਾਮੇ ਦਾ ਭਰਪੂਰ ਫਾਇਦਾ ਉਠਾਉਣ ਲਈ ਪ੍ਰੇਰਿਆ, ਜਿਸ ਸਦਕਾ ਵਿਸ਼ਵ ਭਰ ਵਿਚ ਗੁਣਵੱਤਾ ਭਰੇ ਅਦਾਰਿਆਂ ਨਾਲ ਸਾਂਝ ਪੈਦਾ ਕਰਕੇ ਵਿਦਿਆਰਥੀਆਂ ਦੀ ਸਖਸੀਅਤ ਦਾ ਯਕੀਨੀ ਵਿਕਾਸ ਹੋਵੇਗਾ।

VOLUME I ISSUE 9
SEPTEMBER 2017
GKU TIMES

## GURU KASHI UNIVERSITY LAUNCHES PH.D REGULATIONS BOOKLET



September 14: Guru Kashi University launched Ph.d regulation booklet. Chairman S. Gurlab singh sidhu, Vice-chancellor col. Dr. B.S.Dhaliwal and other officers of the university launched the first issue of the regulation booklet.

Chairman S. Gurlab Singh Sidhu said that this booklet will be very much helpful to higher education students, research scholars. He also appreciated the activity by Dean Research Dr. R. K. Bansal and his staff for providing such a productive document to the students.

Vice chancellor Dr.Dhaliwal said about the booklet that both technical and non-technical students will get benefit from this booklet. The simple language and advanced content highly supportive to the stakeholders.

Pro vice chancellor Dr. Jagpal Singh and Registrar Dr. Jagtar Singh Dhiman said that the document will be altered time to time as per the requirement of research and will be published in other languages very soon as per the requirement.

## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਕੁਸ਼ਤੀਆਂ ਅਤੇ ਨੈੱਟਬਾਲ ਦੇ ਮੁਕਾਬਲੇ ਕਰਵਾਏ।

ਸਤੰਬਰ 19: ਬੀਤੇ ਦਿਨੀਂ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਇੰਟਰਕਾਲਜ ਕੁਸ਼ਤੀਆਂ ਅਤੇ ਨੈੱਟਬਾਲ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੇ ਅਧੀਨ ਪੈਂਦੇ ਵੱਖ-ਵੱਖ ਕਾਲਜਾਂ ਦੇ ਖਿਡਾਰੀਆਂ ਨੇ ਭਾਗ ਲਿਆ। ਪ੍ਰੋਗਰਾਮ ਦੇ ਉਦਘਾਟਨੀ ਸਮਾਰੋਹ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰੋ. ਵਾਈਸ ਚਾਂਸਲਰ ਡਾ. ਜਗਪਾਲ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟਰ ਸਪੋਰਟਸ ਡਾ. ਰਵਿੰਦਰ ਸੁਮਲ ਨੇ ਦੱਸਿਆ ਕਿ ਕੁਸ਼ਤੀਆਂ ਵਿੱਚ 48 ਕਿਲੋ ਮਹਿਲਾ ਵਰਗ ਵਿੱਚ ਫਿਜ਼ੀਕਲ ਕਾਲਜ ਦੀ ਜੋਤੀ, ਬੇਸਿਕ ਸਾਇੰਸਜ ਕਾਲਜ ਦੀ ਨਿੱਕੀ ਕੌਰ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ।



ਇਸੇ ਤਰ੍ਹਾਂ 53 ਕਿਲੋ ਵਰਗ ਵਿੱਚ ਫਿਜ਼ੀਕਲ ਐਜੂਕੇਸ਼ਨ ਦੀ ਰਾਣੀ ਕੌਰ ਅਤੇ ਬੇਸਿਕ ਸਾਇੰਸਜ ਦੀ ਕਰਮਜੀਤ ਕੌਰ ਨੇ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ ’ਤੇ ਕਬਜ਼ਾ ਕੀਤਾ। ਜੇਕਰ ਪੁਰਸ਼ ਵਰਗ ਦੀ ਗੱਲ ਕਰੀਏ ਤਾਂ 57 ਕਿਲੋ ਵਰਗ ਵਿੱਚ ਫਿਜ਼ੀਕਲ ਕਾਲਜ ਦੇ ਸੰਦੀਪ ਸਿੰਘ ਅਤੇ ਐਜੂਕੇਸ਼ਨ ਕਾਲਜ ਦੇ ਵੀਰ ਸਿੰਘ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ। ਓਧਰ ਨੈੱਟਬਾਲ ਦੇ ਮੁਕਾਬਲਿਆਂ ਵਿੱਚ ਪੋਸਟ ਗਰੈਜੂਏਟ ਯੋਗਾ ਥੈਰਪੀ ਡਿਪਲੋਮੇ ਦੇ ਵਿਦਿਆਰਥੀਆਂ ਨੇ ਬੀ ਪੀ ਈ ਐੱਸ ਦੇ ਵਿਦਿਆਰਥੀਆਂ ਨੂੰ ਹਰਾ ਕੇ ਟਰਾਫ਼ੀ ’ਤੇ ਕਬਜ਼ਾ ਕੀਤਾ।



ਗੁਰੂ ਕਾਸ਼ੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਜਗਤਾਰ ਸਿੰਘ ਧੀਮਾਨ ਨੇ ਹੋਰਨਾਂ ਅਫ਼ਸਰਾਂ ਨਾਲ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਸਮੇਂ ਖੇਡ ਭਾਵਨਾ ਨੂੰ ਪ੍ਰਬਲ ਰੱਖਣ ਲਈ ਪ੍ਰੋਤਸ਼ਾਹਿਤ ਕੀਤਾ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਉਪਕੁਲਪਤੀ ਕਰਨਲ ਡਾ. ਭੁਪਿੰਦਰ ਸਿੰਘ ਧਾਲੀਵਾਲ ਨੇ ਡਾਇਰੈਕਟਰ ਸਪੋਰਟਸ ਡਾ. ਰਵਿੰਦਰ ਸਿੰਘ ਸੁਮਲ ਅਤੇ ਉਨ੍ਹਾਂ ਦੇ ਸਟਾਫ ਨੂੰ ਇਸ ਵਧੀਆ ਪ੍ਰੋਗਰਾਮ ਸਬੰਧੀ

ਵਧਾਈ ਦਿੱਤੀ ਅਤੇ ਪੜ੍ਹਾਈ ਦੇ ਨਾਲ-ਨਾਲ ਸਰਵਪੱਖੀ ਵਿਕਾਸ ਲਈ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।ਸਮੁੱਚੇ ਪ੍ਰੋਗਰਾਮ ਦੌਰਾਨ ਫਿਜ਼ੀਕਲ ਐਜੂਕੇਸ਼ਨ ਕਾਲਜ ਦੇ ਸਮੂਹ ਸਟਾਫ਼ ਦਾ ਬਹੁਮੁੱਲਾ ਸਹਿਯੋਗ ਰਿਹਾ।

## TREE PLANTATION AT GURU KASHI UNIVERSITY

September 28: Hindi Department of Guru Kashi University, started its first M.Phil batch's Viva with tree plantation. Managing Director S. Sukhraj Singh Sidhu, Vice Chancellor Col Dr. B.S Dhaliwal , Dr. Babu Ram (HoD) Hindi Department KUK, Dr. Bhramanand , Ex HOD Hindi KUK and other officers of Guru Kashi University planted Saplings in the campus .

Dr. Babbu Ram stated on this occasion that plants are the purifiers of Enjoinment and with the max Tree Plantation we can give friendly environment to the coming Generations.

Dr Barhmanand said that trees are the most important and effective part of nature and helps in water cycle, which plays pivotal role in human lives and in the vegetation also.

S. Sukhraj Singh Sidhu, Managing Director appriciated the efforts of Dr. Labh Singh Kheeva,Dean Basic sciences, HoD Hindi Dr. Kavita Choudhry, Dr. Gyani Devi for this plantation drive and motivated the students for planting maximum trees and their care taking. On this occasion Dr. R. K. Bansal, Dean Research, Dr. Amit Tuteja DSW, Dr. Ajmer Singh Sidhu, Dean Agriculture and Dr. Zora Singh were present.

**Editorial Team:**
**Editor-in-Chief: Dr. Jagtar Singh Dhiman, Registrar, Guru Kashi University**
**Editor: Dr Shyamkiran Kaur, Assistant Professor, Department of English, UCBS&H, Guru Kashi University**